61/c

## ਯੂਨੀਵਰਸਿਟੀ ਵਿਖੇ ਦੁਕਾਨ ਟੈਂਡਰ ਰਾਹੀਂ ਅਲਾਟ ਕਰਨ ਸਬੰਧੀ ਸ਼ਰਤਾਂ

1. ਯੂਨੀਵਰਸਿਟੀ ਵਿਖੇ ਦੁਕਾਨ ਨੰ. **05** (ਵੱਡੀ) ਦੀ ਅਲਾਟਮੈਂਟ ਸਬੰਧੀ ਟੈਂਡਰ ਮੰਗੇ ਜਾ ਰਹੇ ਹਨ। ਇਸ ਦੁਕਾਨ ਦੇ ਰਾਖਵੇਂ ਕਿਰਾਏ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰਬਰ | ਦੁਕਾਨ ਦਾ ਨਾਮ | ਰਾਖਵਾਂ ਕਿਰਾਇਆ |
|---|---|---|
| 1. | ਦੁਕਾਨ ਨੰਬਰ **05** (ਵੱਡੀ) ਕੈਮਿਸਟ | **10,000/-**ਰੁਪਏ (ਦੱਸ ਹਜਾਰ) |

ਟੈਂਡਰਕਰਤਾ ਇਸ ਰਾਸ਼ੀ ਤੋਂ ਵੱਧ ਦੀ ਕੀਮਤ ਦੇ ਟੈਂਡਰ ਭਰ ਕੇ ਭੇਜਣਗੇ। ਇਸ ਰਾਸ਼ੀ ਤੋਂ ਘੱਟ ਕੀਮਤ ਦੇ ਟੈਂਡਰ ਸਵੀਕਾਰ ਨਹੀਂ ਕੀਤੇ ਜਾਣਗੇ।

2. ਦੁਕਾਨ ਅਪਲਾਈ ਕਰਨ ਵਾਲੇ ਵਿਅਕਤੀ ਨੂੰ **1,50,000/-** ਰੁਪਏ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਦੇ ਨਾਂ ਤੇ ਭੇਜਣਾ ਹੋਵੇਗਾ। ਟੈਂਡਰ ਭਰਨ ਵਾਲੀ ਪਾਰਟੀ ਤੋਂ **1,000/-** ਰੁਪਏ ਦੀ ਐਪਲੀਕੇਸ਼ਨ ਫੀਸ ਵਜੋਂ ਬੈਂਕ ਡਰਾਫਟ/ਰਜਿਸਟਰਾਰ/ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਅਲੱਗ ਤੋਂ ਭੇਜਣਾ ਹੋਵੇਗਾ।

3. ਜਿਸ ਵਿਅਕਤੀ ਦਾ ਟੈਂਡਰ ਪਾਸ ਹੋ ਜਾਵੇਗਾ, ਉਸ ਵੱਲੋਂ ਜਮ੍ਹਾਂ ਕਰਵਾਈ ਗਈ **1,50,000/-** ਦੀ ਰਾਸ਼ੀ ਸਿਕਿਉਰਟੀ ਵਿੱਚ ਤਬਦੀਲ ਹੋ ਜਾਵੇਗੀ ਅਤੇ ਬਾਕੀਆਂ ਦੀ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ। ਜੇਕਰ ਦੁਕਾਨਦਾਰ ਇਕਰਾਰਨਾਮੇ ਦੇ ਸਮੇਂ ਦੇ ਵਿਚਕਾਰ ਹੀ ਦੁਕਾਨ ਛੱਡ ਜਾਵੇਗਾ, ਉਸਦੀ ਸਿਕਿਉਰਟੀ ਜਬਤ ਕਰ ਲਈ ਜਾਵੇਗੀ।

4. ਦੁਕਾਨ ਤਿੰਨ ਸਾਲ ਦੇ ਸਮੇਂ ਲਈ ਅਲਾਟ ਕੀਤੀ ਜਾਵੇਗੀ। ਤਹਿਸ਼ੁਦਾ ਲਾਇਸੈਂਸ ਮਨੀ ਵਿੱਚ ਹਰ ਸਾਲ **10%** ਦਾ ਵਾਧਾ ਕੀਤਾ ਜਾਵੇਗਾ। ਇਸ ਸਬੰਧੀ ਵਿੱਧੀਬੱਧ ਢੰਗ ਨਾਲ ਯੂਨੀਵਰਸਿਟੀ ਨਾਲ ਇਕਰਾਰਨਾਮਾ ਕੀਤਾ ਜਾਵੇਗਾ।

5. ਦੁਕਾਨ ਦੀ ਅਲਾਟਮੈਂਟ ਸਮੇਂ ਅਲਾਟੀ ਤੋਂ ਲਾਇਸੈਂਸ ਮਨੀ ਦੇ **36** ਐਡਵਾਂਸ ਪੋਸਟ ਡੇਟਿਡ ਚੈੱਕ ਜਮ੍ਹਾਂ ਕਰਵਾਏ ਜਾਣਗੇ, ਇਸ ਤੋਂ ਇਲਾਵਾ **18% GST** ਦੇ ਐਡਵਾਂਸ ਚੈੱਕ ਅਲੱਗ ਤੋਂ ਜਮ੍ਹਾਂ ਕਰਵਾਉਣੇ ਹੋਣਗੇ।

6. ਬਿਜਲੀ ਦਾ ਪੂਰਾ ਬਿੱਲ ਕਮਰਸ਼ੀਅਲ ਰੇਟ ਤੇ ਅਲਾਟੀ ਵੱਲੋਂ ਅਦਾ ਕੀਤਾ ਜਾਵੇਗਾ।

7. ਅਲਾਟੀ ਵੱਲੋਂ ਦੁਕਾਨ ਵਿੱਚ ਸਫਾਈ ਦਾ ਵਿਸ਼ੇਸ ਧਿਆਨ ਰੱਖਣਾ ਪਵੇਗਾ। ਜੇਕਰ ਉਹ ਫੇਰ ਵੀ ਸਫਾਈ ਨਹੀਂ ਰੱਖਦਾ ਤਾਂ ਉਸ ਨੂੰ ਪਨੈਲਟੀ ਲਗਾਈ ਜਾ ਸਕਦੀ ਹੈ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਕੈਂਸਲ ਵੀ ਕੀਤਾ ਜਾ ਸਕਦਾ ਹੈ।

8. ਦੁਕਾਨ ਖੋਲ੍ਹਣ ਦਾ ਸਮਾਂ ਗਰਮੀਆਂ ਵਿੱਚ ਸਵੇਰੇ **7.00** ਵਜੇ ਤੋਂ ਲੈ ਕੇ ਰਾਤ ਦੇ **10.00** ਵਜੇ ਤੱਕ ਅਤੇ ਸਰਦੀਆਂ ਵਿੱਚ ਸਵੇਰੇ **8.00** ਵਜੇ ਤੋਂ ਲੈ ਕੇ ਰਾਤ ਦੇ **9.00** ਵਜੇ ਤੱਕ ਹੋਵੇਗਾ। ਛੁੱਟੀਆਂ ਵਾਲੇ ਦਿਨ ਵੀ ਦੁਕਾਨ ਖੁੱਲੀ ਰਹੇਗੀ।

9. ਜਿਸ ਵਿਅਕਤੀ ਨੂੰ ਇਹ ਦੁਕਾਨ ਅਲਾਟ ਕੀਤੀ ਜਾਵੇਗੀ, ਉਸ ਨੂੰ ਉਪਲਬੱਧ ਰਹਿਣਾ ਪਵੇਗਾ।

10. ਦੁਕਾਨ ਵਿਚ **Essentials** ਅਤੇ **Life Saving** ਦਵਾਈਆਂ ਦਾ ਸਟਾਕ ਰੱਖਿਆ ਜਾਵੇ।

11. ਅਲਾਟੀ ਨੇ ਘੱਟੋ-ਘੱਟ ਡਿਪਲੋਮਾ ਇਨ ਫਾਰਮੇਸੀ ਦੀ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਉਸ ਨੂੰ ਕੈਮਿਸਟ ਦੀ ਸ਼ਾਪ ਤੇ ਕੰਮ ਕਰਨ ਦਾ ਤਜਰਬਾ ਹੋਵੇ।

10. ਅਲਾਟੀ ਨੂੰ ਜਿਸ ਕੰਮ ਲਈ ਦੁਕਾਨ ਅਲਾਟ ਕੀਤੀ ਜਾਵੇਗੀ, ਉਹ ਉਸ ਕੰਮ ਲਈ ਵਰਤੇਗਾ ਅਤੇ ਜੇਕਰ ਉਹ ਹੋਰ ਕੋਈ ਕੰਮ ਕਰੇਗਾ ਤਾਂ ਉਸ ਨੂੰ ਪਨੈਲਟੀ ਦੇਣੀ ਪਵੇਗੀ। ਯੂਨੀਵਰਸਿਟੀ ਵੱਲੋਂ ਉਸ ਨਾਲ ਕੀਤਾ ਗਿਆ ਇਕਰਾਰਨਾਮਾ ਕੈਂਸਲ ਵੀ ਕੀਤਾ ਜਾ ਸਕਦਾ ਹੈ।

11. ਅਲਾਟੀ ਦੁਕਾਨ ਅੱਗੋਂ ਕਿਸੇ ਹੋਰ ਨੂੰ ਸਬਲੈਟ ਨਹੀਂ ਕਰੇਗਾ। ਜੇਕਰ ਅਲਾਟੀ **02** ਮਹੀਨੇ ਲਗਾਤਾਰ ਰੈਂਟ ਅਦਾ ਨਹੀਂ ਕਰਦਾ, ਉਸ ਦੁਕਾਨ ਦਾ ਬਿਜਲੀ, ਪਾਣੀ ਆਦਿ ਬੰਦ ਕਰਨ ਦਾ ਅਧਿਕਾਰ ਯੂਨੀਵਰਸਟੀ ਕੋਲ ਰਾਖਵਾਂ ਹੋਵੇਗਾ।

12. ਜੇਕਰ ਦੁਕਾਨ ਦਾ ਕੋਈ **dispute** ਹੁੰਦਾ ਹੈ, ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਵਾਈਸ-ਚਾਂਸਲਰ ਸਾਹਿਬ ਹੋਣਗੇ ਅਤੇ ਜੇਕਰ ਕੋਈ ਕੋਰਟ ਕੇਸ ਲਈ ਜਾਂਦਾ ਹੈ ਤਾਂ ਉਸ ਦੀ **(Juridisction)**, ਪਟਿਆਲਾ ਹੋਵੇਗੀ।

13. ਅਲਾਟੀ ਨੂੰ ਦੁਕਾਨ ਛੱਡਣ ਤੋਂ ਪਹਿਲਾਂ ਤਿੰਨ ਮਹੀਨੇ ਦਾ ਨੋਟਿਸ ਦੇਣਾ ਪਵੇਗਾ।

Njotkaur
29.11.2024
ਰਜਿਸਟਰਾਰ